ਚਾਨਣ ਮੁਨਾਰਾ

# ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ॥

ਸੱਚੀ ਗੱਲ ਤਾਂ ਇਹ ਹੈ ਕਿ ਅਸੀਂ ਸਭ ਜਣੇ ਬ੍ਰਹਿਮੰਡਾਂ ਖੰਡਾਂ ਦੇ ਇਕ ਕਿਣਕਾ ਮਾਤਰ ਹਿੱਸੇ 'ਧਰਤੀ' (Earth Planet) ਉੱਤੇ ਕੁਦਰਤ ਦੀ ਗੋਦ ਵਿੱਚ ਜੀਊ ਤੇ ਪਲ ਰਹੇ ਹਾਂ। ਰੱਬ ਜੀ ਨੇ ਇਸ ਧਰਤੀ ਧਰਮਸਾਲ ਵਿੱਚ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਯੁੱਗਾਂ ਯੁਗਾਂਤਰਾਂ ਤੋਂ ਮਾਨਵ ਨੇ ਮਾਣਿਆ ਹੈ। ਹੁਣ ਤੱਕ ਅਰਬਾਂ ਖਰਬਾਂ ਮਨੁੱਖ ਅਤੇ ਜੀਵ ਜੰਤੂ ਇਸ ਧਰਤੀ ਉੱਤੇ ਆਏ ਅਤੇ ਆਪਣੀ ਕੁੱਝ ਸਾਲਾਂ ਦੀ ਜੀਵਨ ਖੇਡ ਖੇਡ ਕੇ ਚਲਦੇ ਬਣੇ।

ਹਾਡ, ਮਾਸ ਤੇ ਨਾੜੀਆਂ ਦੇ ਪਿੰਜਰ ਵਿੱਚ ਜੀਵਨ ਪ੍ਰਣਾਲੀ ਨੂੰ ਚਲਾਉਣ ਦੀ ਸਾਰੀ ਯੋਜਨਾ ਕਿਸੇ ਬਹੁਰਾਸ਼ਟਰੀ ਕੰਪਨੀ ਨੇ ਨਹੀਂ ਬਣਾਈ ਸਗੋਂ ਇਹ ਰੱਬ ਜੀ ਦੀ ਦਇਆ ਦ੍ਰਿਸ਼ਟੀ, ਖੇਲ ਭਾਵਨਾ ਅਤੇ ਮਰਜ਼ੀ ਦੇ ਵਿੱਚੋਂ ਉਗਮੀ ਹੋਈ ਹੈ। ਜੀਵਨ ਰੂਪੀ ਸੁਗਾਤ ਕੇਵਲ ਇਕ ਵਾਰ ਹੀ ਮਿਲੀ ਹੈ, ਇਸੇ ਕਰਕੇ ਇਸ ਨੂੰ 'ਜਨਮ ਰਤਨ' ਕਿਹਾ ਗਿਆ ਹੈ।

'ਗੋਬਿੰਦ' ਨਾਮ ਪ੍ਰਭੂ ਦਾ ਪਿਆਰਾ ਨਾਮ ਹੈ। ਪੁਰਾਤਨ ਸੰਸਕ੍ਰਿਤੀ ਵਿੱਚ ਵੀ ਇਸ ਨੂੰ ਮਹਾਂਪੁਰਸ਼ਾਂ ਲਈ ਵਰਤਿਆ ਗਿਆ ਮਿਲਦਾ ਹੈ। ਸਿੱਖ ਧਰਮ ਦੇ ਮਹਾਂ ਉਪਦੇਸ਼ 'ਗੁਰਬਾਣੀ' ਵਿੱਚ 'ਗੋਬਿੰਦ' ਨਾਮ ਪ੍ਰਮਾਤਮਾ ਦੇ ਪ੍ਰਤੀ ਪਿਆਰ ਤੇ ਲਗਾਓ ਲਈ ਆਇਆ ਹੈ, ਇਕ ਭਰੋਸੇ ਤੇ ਲਾਡ ਲਈ ਵੀ ਉਪਯੋਗ ਹੋਇਆ ਹੈ।

ਦਸਮੇਸ਼ ਪਿਤਾ ਦੀ ਅਜ਼ੀਮ ਬੇਮਿਸਾਲ ਸ਼ਖ਼ਸੀਅਤ ਦਾ ਜਾਹੋ ਜਲਾਲ ਸਾਡੇ ਮਨਾਂ 'ਤੇ ਅਸਰ ਕਰ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ 'ਧੰਨ ਗੁਰੂ ਗੋਬਿੰਦ ਸਿੰਘ ਸਾਹਿਬ......'। ਪੰਜ ਪਿਆਰੇ ਸਾਜਨ ਵਾਲੇ ਤੇ ਚਾਰ ਸਾਹਿਬਜ਼ਾਦੇ ਧਰਮ ਦੇਸ਼-ਮਨੁੱਖਤਾ ਤੋਂ ਵਾਰਨ ਵਾਲੇ ਗੁਰੂ ਜੀ ਦਾ ਕੌਣ ਸਾਨੀ ਹੋ ਸਕਦਾ ਹੈ?

ਗੁਰਬਾਣੀ ਅੰਦਰ 'ਬੇਮੁਖ' ਹੋਣ ਦੀ ਏਨੀ ਵੱਡੀ ਹਾਨੀ ਲਿਖੀ ਹੋਈ ਹੈ ਜਿਸ ਦੀ ਭਰਪਾਈ ਹੋਣੀ ਕਈ ਪੀੜ੍ਹੀਆਂ ਤੱਕ ਸੰਭਵ ਨਹੀਂ ਹੈ। 'ਸਨਮੁਖ' ਹੋਣ ਨਾਲ ਪੀੜ੍ਹੀਆਂ ਤੱਕ ਦੇ ਸੰਵਰਨ ਦਾ ਨਿਸਚਾ ਦੁਆਇਆ ਗਿਆ ਹੈ। ਕੁਲ ਨੂੰ ਗਾਲ ਲੱਗ ਜਾਂਦੀ ਹੈ ਜੇ ਗੋਬਿੰਦ ਤੋਂ ਬੇਮੁਖ ਹੋ ਜਾਈਏ। ਜੇ ਅਸੀਂ ਪਾਪ ਦਾ ਧੰਨ ਜੋੜ ਜੋੜ ਕੇ ਆਉਣ ਵਾਲੀਆਂ ਨਸਲਾਂ ਨੂੰ ਸੁੱਖ ਪਹੁੰਚਾਉਣਾ ਚਾਹੁੰਦੇ ਹਾਂ ਤਾਂ ਸਮਝੋ ਉਸੇ ਟਾਹਣੀ ਨੂੰ ਕੱਟ ਰਹੇ ਹਾਂ ਜਿਸ ਉੱਤੇ ਬੈਠੇ ਹਾਂ। ਬੇਮੁਖ ਹੋਣ ਦਾ ਸੰਕੇਤ ਹੈ ਜੇਕਰ ਅਸੀਂ ਬੇਈਮਾਨੀ ਵੱਲ ਵੱਧ ਰਹੇ ਹਾਂ, ਸਾਬਤ ਜੀਵਨ ਵਿੱਚ ਭੰਨ ਤੋੜ ਕਰ ਰਹੇ ਹਾਂ।

ਜੇ ਕੋਈ ਸਿੱਖ ਪੂਰਨ ਰੂਪ ਵਿੱਚ ਸਾਬਤ ਸੂਰਤ ਹੈ ਅਤੇ ਗੁਰਬਾਣੀ ਜਾਣਦੇ ਹੋਏ ਵੀ ਬੇਮੁਖ ਹੈ ਤਾਂ ਉਹ ਵੀ ਪੀੜ੍ਹੀਆਂ ਦਾ ਸੁੱਖ ਪ੍ਰਾਪਤ ਕਰਨ ਲਈ ਮਿਹਨਤ ਕਰੇ। ਜਿਸ ਪ੍ਰਵਾਰ ਵਿੱਚ ਸਿੱਖੀ ਘੱਟ ਹੈ, ਉਥੇ ਕੇਸਾਂ ਦਾ ਪਿਆਰ, ਬਾਣੀ ਦਾ ਸਤਿਕਾਰ, ਉੱਚ ਆਚਾਰ, ਵਿਦਿਆ ਤੇ ਪਰਉਪਕਾਰ ਵਧਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਪੱਧਰ ਉੱਚਾ ਹੋਵੇਗਾ।

ਦੁਨੀਆਂ ਦੇ ਸਭ ਧਰਮਾਂ ਦੇ ਲੋਕਾਂ ਲਈ ਇਹ ਸੁਨੇਹਾ ਹੈ ਇਸ ਫੁਰਮਾਨ ਦਾ ਕਿ 'ਪ੍ਰਮਾਤਮਾ ਦੀ ਸਾਬਤ ਸੁਗਾਤ ਜੀਵਨ ਪ੍ਰਣਾਲੀ' ਦੀ ਸੰਭਾਲ ਕਰੋ। ਕੁਦਰਤ ਤੋਂ ਦੂਰ ਨਾ ਹੋਵੋ। ਭਵਿੱਖ ਦੀਆਂ ਪੀੜ੍ਹੀਆਂ ਦੇ ਸੁੰਦਰ ਜੀਵਨ ਨੂੰ ਨਿਸਚਤ ਕਰਨ ਲਈ ਗੋਬਿੰਦ ਪ੍ਰਭੂ ਨਾਲ ਨਾਤਾ ਜੋੜੋ। ਆਪਣੇ ਅੰਦਰ ਦੀ ਯਾਤਰਾ ਆਰੰਭ ਕਰੋ, ਬਾਹਰਵਾਰ ਦਇਆ ਦ੍ਰਿਸ਼ਟੀ ਤੇ ਪਰਉਪਕਾਰ ਦੀ ਭਾਵਨਾ ਨਾਲ ਕਾਰਜ ਕਰੋ।

ਸਭ ਦੀਆਂ ਕੁਲਾਂ ਸਾਡੀਆਂ ਸਾਰਿਆਂ ਦੀਆਂ ਸਾਂਝੀਆਂ ਹਨ। ਸਾਡੀ ਕੁਲ ਮਨੁੱਖਤਾ ਦੀ ਹੈ, ਇਸ ਨੂੰ ਗਾਲ ਨਾ ਲੱਗੇ, ਏਸ ਲਈ ਗੋਬਿੰਦ ਦੇ ਨਾਮ ਦੀ ਬਰਕਤ ਪ੍ਰਾਪਤ ਕਰਨ ਦਾ ਯਤਨ ਕਰੀਏ। ✻

## ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| 9 ਨਵੰਬਰ | ਬੰਦੀ ਛੋੜ ਦਿਵਸ (ਦੀਵਾਲੀ) |
| 13 ਨਵੰਬਰ | ਸ਼ਹੀਦੀ ਬਾਬਾ ਦੀਪ ਸਿੰਘ ਜੀ |
| 14 ਨਵੰਬਰ | ਸਥਾਪਨਾ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ |
| 21 ਨਵੰਬਰ | ਜਨਮ ਭਗਤ ਨਾਮਦੇਵ ਜੀ |
| 24 ਨਵੰਬਰ | ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ |
| 28 ਨਵੰਬਰ | ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ |